# ਲਾਜ਼ਮੀ ਪਾਬੰਦੀਆਂ

## ਕੋਵਿਡ-19 ਦੇ ਫੈਲਾਅ ਨੂੰ ਮੱਧਮ ਕਰਨ ਅਤੇ ਆਪਣੇ ਹੈਲਥ ਸਿਸਟਮ ਦੀ ਸੁਰੱਖਿਆ ਲਈ ਲਾਜ਼ਮੀ ਪਬਲਿਕ ਹੈਲਥ ਉਪਾਅ ਐਲਬਰਟਾ ਭਰ 'ਚ ਲਾਗੂ ਹਨ।

---

### ਇਕੱਠ

**ਇੰਨਡੋਰ ਇਕੱਠ**

**ਸਾਰੇ ਇੰਨਡੋਰ ਇਕੱਠਾਂ ਦੀ ਮਨਾਹੀ ਹੈ।**

- ਉਹ ਵਿਅਕਤੀ ਜਿਹੜੇ ਇਕੱਲੇ ਰਹਿੰਦੇ ਹਨ ਅਤੇ ਸਿੰਗਲ ਪੇਰੈਂਟ ਜਿਹੜੇ ਕੇਵਲ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨਾਲ ਰਹਿੰਦੇ ਹਨ, ਦੋ ਵਿਅਕਤੀਆਂ ਨੂੰ ਚੁਣ ਸਕਦੇ ਹਨ ਜਿੰਨ੍ਹਾਂ ਨੂੰ ਉਹ ਇੰਨ੍ਹਾਂ ਪਾਬੰਦੀਆਂ ਦੌਰਾਨ ਮਿਲਗਿਲ ਸਕਦੇ ਹਨ।

**ਆਊਟਡੋਰ ਇਕੱਠ**

**ਸਾਰੇ ਆਊਟਡੋਰ ਸਮਾਜਿਕ ਇਕੱਠ ਵੱਧ ਤੋਂ ਵੱਧ 10 ਵਿਅਕਤੀਆਂ ਤੱਕ ਸੀਮਤ ਹਨ ਅਤੇ ਉਨ੍ਹਾਂ ਇਕੱਠਾਂ ਦਾ ਕੋਈ ਵੀ ਸਮਾਂ/ਭਾਗ ਜ਼ਰੂਰੀ ਤੌਰ 'ਤੇ ਇੰਨਡੋਰ ਨਹੀਂ ਹੋਣਾ ਚਾਹੀਦਾ।**

**ਵਿਆਹ ਸ਼ਾਦੀਆਂ ਅਤੇ ਸਸਕਾਰ**

**ਵਿਆਹ ਸ਼ਾਦੀਆਂ ਅਤੇ ਸਸਕਾਰਾਂ ਦੀਆਂ ਸਾਰੀਆਂ ਰਿਸੈਪਸ਼ਨਾਂ ਦੀ ਮਨਾਹੀ ਹੈ।**.

- ਵਿਆਹ ਸ਼ਾਦੀ ਦੀ ਰਸਮ 10 ਵਿਅਕਤੀਆਂ ਤੱਕ ਸੀਮਤ ਹੈ।
- ਸਸਕਾਰ ਰਸਮਾਂ 20 ਵਿਅਕਤੀਆਂ ਤੱਕ ਸੀਮਤ ਹਨ।

**ਪੂਜਾ ਸਥਾਨ**

ਇੰਨ-ਪਰਸਨ ਹਾਜ਼ਰੀ ਲਈ ਸਾਰੇ ਪੂਜਾ ਸਥਾਨ ਆਪਣੀ ਫਾਇਰ ਕੋਡ ਸਮਰੱਥਾ ਦੇ 15 ਪ੍ਰਤਿਸ਼ਤ ਤੱਕ ਸੀਮਤ ਹਨ।

- ਮਾਸਕ ਪਾਉਣੇ ਲਾਜ਼ਮੀ ਹਨ।
- ਇਕ ਘਰ ਵਿਚ ਰਹਿਣ ਵਾਲੇ ਵਿਅਕਤੀਆਂ ਨੂੰ ਹੋਰ ਘਰਾਂ 'ਚ ਰਹਿਣ ਵਾਲੇ ਵਿਅਕਤੀਆਂ ਤੋਂ ਜ਼ਰੂਰ ਹਰ ਸਮੇਂ ਦੋ ਮੀਟਰ ਦੀ ਵਿੱਥ 'ਤੇ ਰਹਿਣਾ ਹੋਵੇਗਾ।

### ਮਾਸਕ ਪਾਉਣਾ

ਮਾਸਕ ਪਾਉਣਾ ਸਾਰੀਆਂ ਇੰਨਡੋਰ ਜਨਤਕ ਥਾਵਾਂ, ਕੰਮ ਵਾਲੀਆਂ ਥਾਵਾਂ ਅਤੇ ਪੂਜਾ ਸਥਾਨਾਂ 'ਤੇ ਲਾਜ਼ਮੀ ਹੈ।

### ਘਰ ਤੋਂ ਕੰਮ ਕਰਨਾਂ

ਘਰ ਤੋਂ ਕੰਮ ਕਰਨਾਂ ਲਾਜ਼ਮੀ ਹੈ, ਸਿਵਾਏ ਇਸ ਦੇ ਕਿ ਐਂਪਲਾਇਰ ਨੂੰ ਆਪਣਾ ਕੰਮ ਚੰਗੀ ਤਰ੍ਹਾਂ ਚਲਾਉਣ ਲਈ ਆਪਣੇ ਵਰਕਰ ਦੀ ਸਰੀਰਕ ਹਾਜ਼ਰੀ ਦੀ ਲੋੜ ਹੋਵੇ।

### ਬਿਜ਼ਨਸ ਪਾਬੰਦੀਆਂ

**ਐਂਟਰਟੇਨਮੈਂਟ ਅਤੇ ਰਿਕ੍ਰੀਏਸ਼ਨਲ ਫੈਸਿਲਿਟੀਆਂ**



©2018 Government of Alberta | Published: ਅਪਰੈਲ 2021

Alberta

ਸ਼੍ਰੇਣੀ: Protected A

ਐਂਟਰਟੇਨਮੈਂਟ ਅਤੇ ਰਿਕ੍ਰੀਏਸ਼ਨਲ ਫੈਸਿਲਿਟੀਆਂ ਜ਼ਰੂਰੀ ਤੌਰ 'ਤੇ ਬੰਦ ਰਹਿਣਗੀਆਂ।ਮਿਸਾਲ ਵਜੋਂ ਥੀਏਟਰ, ਕਸੀਨੋ, ਨਾਈਟ ਕਲੱਬਾਂ ਅਤੇ ਮਿਊਜ਼ੀਅਮ। ਲਾਇਬਰੇਰੀਆਂ ਜ਼ਰੂਰੀ 'ਤੌਰ 'ਤੇ ਬੰਦ ਰਹਿਣ। ਕਮਿਊਨਿਟੀ ਹਾਲ, ਕਾਨਫਰੰਸ ਸੈਂਟਰ ਅਤੇ ਇੰਨਡੋਰ ਰਿਕ੍ਰੀਏਸ਼ਨਲ ਫੈਸਿਲਿਟੀਆਂ ਮੌਜੂਦਾ ਇਜਾਜ਼ਤਸ਼ੁਦਾ ਐਕਟਿਵਿਟੀਆਂ ਲਈ ਖੁੱਲ੍ਹ ਸਕਦੀਆਂ ਹਨ।

**ਭੋਜਨ ਸੇਵਾਵਾਂ**

**ਰੈਸਟੋਰੈਂਟ, ਪੱਬ, ਬਾਰਾਂ, ਲਾਊਂਜਾਂ ਅਤੇ ਕੈਫੇ ਪਾਬੰਦੀਆਂ ਸਹਿਤ ਟੇਕਆਊਟ, ਬਾਹਰੋਂ ਪਿਕਅੱਪ, ਡਿਲਿਵਰੀ ਅਤੇ ਆਊਟਡੋਰ ਪੈਟੀਓ ਖਾਣਿਆਂ ਲਈ ਖੁੱਲ੍ਹ ਸਕਦੇ ਹਨ। ਇੰਨ-ਪਰਸਨ ਸੇਵਾ ਦੀ ਇੰਨਡੋਰ ਇਜਾਜ਼ਤ ਨਹੀਂ ਹੈ।**

**ਰੀਟੇਲ ਸੇਵਾਵਾਂ**

**ਸਾਰੀਆਂ ਰੀਟੇਲ ਸੇਵਾਵਾਂ ਅਤੇ ਸ਼ਾਪਿੰਗ ਮਾਲਾਂ ਨੂੰ ਆਪਣੇ ਗਾਹਕਾਂ ਦੀ ਗਿਣਤੀ ਫਾਇਰ ਕੋਡ ਸਮਰੱਥਾ ਦੇ 15% ਤੱਕ ਘਟਾਉਣੀ ਪਵੇਗੀ, ਇਸ 'ਚ ਸਟਾਫ ਸ਼ਾਮਲ ਨਹੀਂ।**

**ਸਿਹਤ ਅਤੇ ਪ੍ਰੋਫੈਸ਼ਨਲ ਸੇਵਾਵਾਂ**

**ਸਿਹਤ ਅਤੇ ਪ੍ਰੋਫੈਸ਼ਨਲ ਸੇਵਾਵਾਂ ਇਕ-ਨਾਲ-ਇਕ ਸੇਵਾ ਲਈ ਕੇਵਲ ਐਪੁਆਇੰਮੈਂਟਾਂ ਵਾਸਤੇ ਖੁੱਲ੍ਹ ਸਕਦੀਆਂ ਹਨ। ਸਾਰੀਆਂ ਪਬਲਿਕ ਹੈਲਥ ਅਤੇ ਸੈਕਟਰ ਗਾਈਡੈਂਸਾਂ ਦੀ ਪਾਲਣਾ ਜ਼ਰੂਰ ਕਰਨੀ ਹੋਵੇਗੀ। ਮਿਸਾਲਾਂ 'ਚ ਸ਼ਾਮਲ ਹਨ ਡੈਂਟਿਸਟ, ਆਪਟੋਮੀਟਰਿਸਟ, ਥੈਰੇਪਿਸਟ, ਆਕੂਪੰਚਰਿਸਟ, ਵਕੀਲ ਅਤੇ ਅਕਾਊਂਟੈਂਟ।**

**ਨਿੱਜੀ ਅਤੇ ਤੰਦਰੁਸਤੀ ਸੇਵਾਵਾਂ**

**ਨਿੱਜੀ ਅਤੇ ਤੰਦਰੁਸਤੀ ਦੀਆਂ ਸੇਵਾਵਾਂ ਇਕ-ਨਾਲ-ਇਕ ਸੇਵਾ ਲਈ ਕੇਵਲ ਐਪੁਆਇੰਟਮੈਂਟ ਵਾਸਤੇ ਖੁੱਲ੍ਹ ਸਕਦੀਆਂ ਹਨ। ਸਾਰੀਆਂ ਪਬਲਿਕ ਹੈਲਥ ਅਤੇ ਸੈਕਟਰ ਗਾਈਡੈਂਸਾਂ ਦੀ ਪਾਲਣਾ ਜ਼ਰੂਰ ਕਰਨੀ ਹੋਵੇਗੀ। ਮਿਸਾਲਾਂ 'ਚ ਸ਼ਾਮਲ ਹਨ ਹੇਅਰ ਅਤੇ ਨੇਲ ਸੈਲੋਨ, ਐਸਥੈਟਿਕ ਸੇਵਾਵਾਂ ਅਤੇ ਮਸਾਜ ਥੈਰੇਪੀ।**

**ਪ੍ਰਫਾਰਮੈਂਟ, ਸਪੋਰਟਸ ਅਤੇ ਫਿਜ਼ੀਕਲ ਐਕਟਿਵਿਟੀਆਂ**

**ਗਰੁੱਪ ਪ੍ਰਫਾਰਮੈਂਸ ਦੇ ਲੈਸਨ, ਟੀਮ ਸਪੋਰਟਸ ਅਤੇ ਫਿੱਟਨੈੱਸ ਕਲਾਸਾਂ ਦੀ ਮਨਾਹੀ ਹੈ। ਇਕ-ਨਾਲ-ਇਕ ਪ੍ਰਕਾਰ ਦੀ ਫਿੱਟਨੈੱਸ ਟਰੇਨਿੰਗ ਦੀ, ਪਾਬੰਦੀਆਂ ਸਹਿਤ ਇਜਾਜ਼ਤ ਹੈ। ਯੂਥ ਅਤੇ ਕਾਲਜੀਏਟ ਸਪੋਰਟ ਰਿਕ੍ਰੀਰੇਸ਼ਨ ਅਤੇ ਪ੍ਰਫਾਰਮੈਂਸ ਐਕਟਿਵਿਟੀ'ਆਂ (ਵੱਧ ਤੋਂ ਵੱਧ 10 ਜਣੇ) ਦੀ, ਪਾਬੰਦੀਆਂ ਸਹਿਤ, ਇਜਾਜ਼ਤ ਹੈ।**



©2018 Government of Alberta | Published: ਅਪਰੈਲ 2021

Alberta

ਸ਼੍ਰੇਣੀ: Protected A